**SET-1**

**Series BVM/3**

ਕੋਡ ਨੰ. **226/3/1**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **11** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **24** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।
- Please check that this question paper contains **11** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **24** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਅਰਥਸ਼ਾਸਤ੍ਰ

## (ਪੰਜਾਬੀ ਉਲਥਾ)

# ECONOMICS

## (Punjabi Version)

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 80*

*Time allowed : 3 hours* — *Maximum Marks : 80*

***ਵਿਆਪਕ ਨਿਰਦੇਸ਼:***

*(i)* *ਦੋਹਾਂ ਖੰਡਾਂ ਦੇ* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

*(ii)* *ਹਰ ਇਕ ਪ੍ਰਸ਼ਨ ਦੇ ਨਿਰਧਾਰਿਤ ਅੰਕ ਉਸਦੇ ਸਾਹਮਣੇ ਦਿਤੇ ਗਏ ਹਨ ।*

*(iii)* *ਪ੍ਰਸ਼ਨ ਸੰਖਿਆ* ***1 – 4*** *ਅਤੇ* ***13 – 16*** *ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦਾ* ***1*** *ਅੰਕ ਹੈ । ਇਨ੍ਹਾਂ ਚੋਂ ਹਰ ਇਕ ਪ੍ਰਸ਼ਨ ਦਾ ਉੱਤਰ* ***ਇੱਕ ਵਾਕ*** *ਵਿਚ ਦਿਓ ।*

*(iv)* *ਪ੍ਰਸ਼ਨ ਸੰਖਿਆ* ***5 – 6*** *ਅਤੇ* ***17 – 18*** *ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ* ***3*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੋਰ ਤੇ* ***60*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(v)* *ਪ੍ਰਸ਼ਨ ਸੰਖਿਆ* ***7 – 9*** *ਅਤੇ* ***19 – 21*** *ਵੀ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ* ***4*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੋਰ ਤੇ* ***70*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(vi)* *ਪ੍ਰਸ਼ਨ ਸੰਖਿਆ* ***10 – 12*** *ਅਤੇ* ***22 – 24*** *ਵਿਆਖਿਆਤਮਕ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ* ***6*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੋਰ ਤੇ* ***100*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(vii)* *ਉੱਤਰ ਸੰਖੇਪ ਅਤੇ ਢੁਕਵੇ ਹੋਣੇ ਚਾਹੀਦੇ ਹਨ ਅਤੇ ਕੋਸਿਸ਼ ਕਰੋ ਕਿ ਦਿੱਤੀ ਹੋਈ ਸ਼ਬਦ ਸੀਮਾ ਵਿੱਚ ਹੀ ਦਿੱਤੇ ਜਾਣ ।*

## ਖੰਡ ਅ

## (ਵਿਅਸ਼ਟਿ ਅਰਥਸ਼ਾਸ਼ਤ੍ਰ)

**1.** ਉਤਪਾਦਨ ਸੰਭਾਵਨਾ ਵਕਰ (ਪੀ.ਪੀ.ਸੀ.) ਉਸ ਅਵਸਥਾ ਵਿਚ ਮੂਲ ਬਿੰਦੂ ਦੇ ਨਤੋਦਰ (ਅਵਤਲ) ਹੋਵੇਗਾ, ਜੇਕਰ ਸੀਮਾਂਤ ਅਵਸਰ ਲਾਗਤ : (ਸਹੀ ਵਿਕਲਪ ਚੁਣੋ) *1*

(a) ਵੱਧਦੀ ਹੋਈ ਹੋਵੇ


(b) ਘੱਟਦੀ ਹੋਈ ਹੋਵੇ

(c) ਸਥਿਰ ਹੋਵੇ

(d) ਰਿਣਾਤਮਕ ਹੋਵੇ

**ਜਾਂ**

ਦਿੱਤੇ ਹੋਏ ਚਿੱਤਰ ਵਿਚ $X_1$, $Y_1$ ਅਤੇ $X_2$, $Y_2$ ਇਕ ਕਾਲਪਨਿਕ ਅਰਥਵਿਵਸਥਾ ਦੇ ਦੋ ਵਖੋ ਵਖ ਸਮਾਂਕਾਲਾਂ (ਪੀਰੀਅਡ), ਸਮਾਂਕਾਲ 1 ਅਤੇ ਸਮਾਂਕਾਲ 2 ਦੀਆਂ ਉਤਪਾਦਨ ਸੰਭਾਵਨਾ ਸੀਮਾਵਾਂ ਦਰਸਾਦੇ ਹਨ । $A_1$ ਅਤੇ $A_2$ ਸਮਾਂਕਾਲ 1 ਅਤੇ ਸਮਾਂਕਾਲ 2 ਦੇ ਕਰਮਵਾਰ ਵਾਸਤਵਿਕ ਉਤਪਾਦਨ ਦਰਸਾਂਦੇ ਹਨ । $P_1$ ਅਤੇ $P_2$ ਸਮਾਂਕਾਲ 1 ਅਤੇ ਸਮਾਂਕਾਲ 2 ਦੇ ਕਰਮਵਾਰ ਸੰਭਾਵਿਤ ਉਤਪਾਦਨ ਦੀ ਮਾਤਰਾ ਦਰਸਾਂਦੇ ਹਨ ।




ਦੋਨੋਂ ਸਮੇਂ ਅਵਧਿਆਂ ਦੇ ਵਿਚੋਂ ਆਰਥਿਕ ਵਿਕਾਸ ਦਾ ਮਾਪ ਹੇਠ ਦਿੱਤੇ ਬਿੰਦੂਆਂ ਦੇ ਦਰਮਿਆਨ ਚਲਨ ਤੋਂ ਮਾਪਿਆ ਜਾ ਸਕਦਾ ਹੈ : (ਸਹੀ ਵਿਕਲਪ ਚੁਣੋ) *1*

(a) $P_1$ ਤੋਂ $P_2$

(b) $A_1$ ਤੋਂ $A_2$

(c) $A_1$ ਤੋਂ $P_1$

(d) $A_2$ ਤੋਂ $P_2$

**2.** ਆਗਤ–ਨਿਰਗਤ ਸਮਤਲ ਵਿਚ ਸੀਮਾਂਤ ਉਤਪਾਦ ਵਕਰ ਦੀ ਆਕ੍ਰਿਤੀ __________ ਪ੍ਰਕਾਰ ਦੀ ਹੁੰਦੀ ਹੈ : (ਸਹੀ ਵਿਕਲਪ ਚੁਣੋ) *1*

(a) 'U' ਆਕਾਰ ਦੇ ਵਕਰ ਦੇ

(b) ਉਲਟੇ 'U' ਆਕਾਰ ਦੇ ਵਕਰ ਦੇ

(c) ਉਲਟੇ 'S' ਆਕਾਰ ਦੇ ਵਕਰ ਦੇ

(d) 'S' ਆਕਾਰ ਦੇ ਵਕਰ ਦੇ

3. ਜੇਕਰ ਵਸਤੂ X ਦੀ ਆਪੂਰਤੀ ਦੀ ਮਾਤਰਾ ਵਿਚ ਪ੍ਰਤਿਸ਼ਤ ਪਰਿਵਰਤਨ, ਵਸਤੂ X ਦੀ ਕੀਮਤ ਵਿਚ ਹੋਏ ਪ੍ਰਤਿਸ਼ਤ ਪਰਿਵਰਤਨ ਨਾਲੋਂ ਜ਼ਿਆਦਾ ਹੈ, ਤਾਂ ਆਪੂਰਤੀ ਦੀ ਕੀਮਤ ਲੋਚ ਦਾ ਗੁਣਕ __________ ਹੋਵੇਗੀ : (ਸਹੀ ਵਿਕਲਪ ਚੁਣੋ) *1*

(a) $E_s = 1$

(b) $E_s < 1$

(c) $E_s = 0$

(d) $E_s > 1$

4. ਜੇਕਰ ਕਿਸੇ ਵਸਤੂ ਦੀਆਂ 4 ਇਕਾਈਆਂ ਦੇ ਉਤਪਾਦਨ ਉਪਰ ਔਸਤ ਸਥਿਰ ਲਾਗਤ ₹ 60 ਆਂਦੀ ਹੈ, ਤਾਂ ਉਸ ਵਸਤੂ ਦੀਆਂ 5 ਇਕਾਈਆਂ ਦੇ ਲਈ ਕੁਲ ਸਥਿਰ ਲਾਗਤ _________ ਹੋਵੇਗੀ ? (ਖਾਲੀ ਥਾਂ ਭਰੋ) *1*

**ਜਾਂ**

ਪਰਿਵਰਤੀ ਲਾਗਤ ਦੇ ਕੋਈ ਦੋ ਉਦਾਹਰਣ ਦਸੋ । *1*

5. "ਕੀ ਉਤਪਾਦਨ ਕੀਤਾ ਜਾਏ" ਦੀ ਕੇਂਦਰੀ ਸਮਸਿਆ ਨੂੰ ਸੰਖੇਪ ਵਿਚ ਸਮਝਾਓ । *3*

6. ਇਕ ਸਮਝਦਾਰ ਉਪਭੋਗਤਾ ਸਿਰਫ ਦੋ ਵਸਤੂਆਂ, ਵਸਤੂ X ਅਤੇ ਵਸਤੂ Y ਦਾ ਉਪਭੋਗ ਕਰਦੀ ਹੈ, ਜਿਨ੍ਹਾਂ ਦੀ ਕੀਮਤ ਕਰਮਵਾਰ ₹ 4 ਅਤੇ ₹ 5 ਹੈ । ਉਸਦੀ ਕੁਲ ਮੁਦਰਾ ਆਮਦਨ ₹ 40 ਹੈ । ਦਿੱਤੀ ਹੋਈ ਜਾਣਕਾਰੀ ਦੇ ਅਧਾਰ ਤੇ ਹੇਠ ਲਿੱਖੇ ਪ੍ਰਸ਼ਨਾਂ ਦੇ ਉੱਤਰ ਲਿੱਖੋ : *1, 2*

(a) ਉਪਭੋਗਤਾ ਦੇ ਬਜਟ ਰੇਖਾ ਸਮੀਕਰਣ ਦਾ ਵਰਨਨ ਕਰੋ ।

(b) ਬਜਟ ਰੇਖਾ ਦੀ ਢਾਲ (ਪ੍ਰਵਣਤਾ) ਕੀ ਹੋਵੇਗੀ ?

**ਜਾਂ**

ਇਕ ਸਮਝਦਾਰ ਉਪਭੋਗਤਾ ਸਿਰਫ ਦੋ ਵਸਤੂਆਂ, ਵਸਤੂ X ਅਤੇ ਵਸਤੂ Y ਦਾ ਉਪਭੋਗ ਕਰਦੀ ਹੈ, ਜੇਕਰ ਵਰਤਮਾਨ ਵਿਚ ਉਹ $\left(\frac{MU_x}{P_x} < \frac{MU_y}{P_y}\right)$ ਦੀ ਅਵਸਥਾ ਵਿਚ ਹੈ, ਤਾਂ ਉਪਭੋਗਤਾ ਸੰਤੁਲਨ ਪ੍ਰਾਪਤ ਕਰਨ ਦੇ ਲਈ ਉਸਦਾ ਸੰਭਾਵੀ ਵਿਓਹਾਰ ਦਸੋ । *3*

**7.** ਦਿੱਤੀ ਹੋਈ ਹੇਠ ਅਨੁਸੂਚੀ ਦੇ ਅਧਾਰ ਤੇ, ਦਸੋ ਕਿ ਉਤਪਾਦਨ ਦੀ ਕਿਸ ਮਾਤਰਾ ਤੇ ਫਰਮ ਸੰਤੁਲਨ ਵਿਚ ਹੋਵੇਗੀ ਅਤੇ ਕਿਉਂ । *4*

| ਮਾਤਰਾ (ਇਕਾਈਆਂ ਵਿਚ) | ਕੀਮਤ (₹ ਵਿਚ) | ਕੁਲ ਲਾਗਤ (₹ ਵਿਚ) |
|---|---|---|
| 0 | 20 | 10 |
| 1 | 20 | 50 |
| 2 | 20 | 80 |
| 3 | 20 | 100 |
| 4 | 20 | 105 |
| 5 | 20 | 125 |
| 6 | 20 | 150 |

**8.** 'ਘਟੋ ਘਟ ਨਿਰਧਾਰਤ ਕੀਮਤ' ਤੋਂ ਤੁਸੀਂ ਕੀ ਸਮਝਦੇ ਹੋ ? ਢੁਕਵੀਂ ਉਦਾਹਰਣ ਦੀ ਵਰਤੋਂ ਕਰਦੇ ਹੋਏ ਵਿਆਖਿਆ ਕਰੋ । *4*

**ਜਾਂ**

'ਵੱਧ ਤੋਂ ਵੱਧ ਨਿਰਧਾਰਤ ਕੀਮਤ' ਤੋਂ ਤੁਸੀਂ ਕੀ ਸਮਝਦੇ ਹੋ ? ਢੁਕਵੀਂ ਉਦਾਹਰਣ ਦੀ ਵਰਤੋਂ ਕਰਦੇ ਹੋਏ ਵਿਆਖਿਆ ਕਰੋ । *4*

**9.** ਜੇਕਰ ਕਿਸੇ ਵਸਤੂ ਦੀ ਕੀਮਤ ਵਿਚ 10% ਵਾਧੇ ਦੇ ਨਤੀਜੇ ਦੇ ਤੌਰ ਤੇ ਇਸ ਵਸਤੂ ਦੀ ਮੰਗ 40 ਇਕਾਈ ਤੋਂ ਘਟ ਕੇ 30 ਇਕਾਈ ਰਹਿ ਜਾਂਦੀ ਹੈ, ਵਸਤੂ ਦੀ ਮੰਗ ਦੀ ਕੀਮਤ ਲੋਚ ਦੇ ਗੁਣਕ ਦੀ ਗਣਨਾ ਕਰੋ । ਮੰਗ ਦੀ ਕੀਮਤ ਲੋਚ ਦੀ ਪ੍ਰਕਿਰਤੀ ਤੇ ਟਿਪਣੀ ਕਰੋ । *4*

**ਜਾਂ**

ਹਵਾ ਪ੍ਰਦੂਸ਼ਣ ਦੇ ਸਤਰ ਵਿਚ ਵਾਧੇ ਦਾ "ਹਵਾ ਸ਼ੋਧਕਾਂ" (Air Purifiers) ਦੀ ਬਜ਼ਾਰ ਮੰਗ ਤੇ ਪੈਣ ਵਾਲੇ ਪ੍ਰਭਾਵ ਦੀ ਵਿਆਖਿਆ ਕਰੋ । (ਰੇਖਾ ਚਿੱਤਰ ਦੀ ਵਰਤੋਂ ਕਰੋ) *4*

**ਨੋਟ:** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 9 (ਵਿਕਲਪ) ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

ਹਵਾ ਪ੍ਰਦੂਸ਼ਣ ਦੇ ਸਤਰ ਵਿਚ ਵਾਧੇ ਦਾ "ਹਵਾ ਸ਼ੋਧਕਾਂ" (Air Purifiers) ਦੀ ਬਜ਼ਾਰ ਮੰਗ ਤੇ ਪੈਣ ਵਾਲੇ ਪ੍ਰਭਾਵ ਦੀ ਵਿਆਖਿਆ ਕਰੋ । *4*

**10.** ਸਾਧਨ ਦੇ ਵਧਦੇ ਪ੍ਰਤਿਫਲ ਤੋਂ ਕੀ ਅਰਥ ਹਨ ? ਸਾਧਨ ਦੇ ਵਧਦੇ ਪ੍ਰਤਿਫਲ ਦੇ ਕਿਸੇ ਦੋ ਕਾਰਨਾਂ ਦੀ ਚਰਚਾ ਕਰੋ । *6*

**11.** ਰੇਖਾ ਚਿੱਤਰ ਦੀ ਵਰਤੋਂ ਕਰਦੇ ਹੋਏ, ਅਨਧਿਮਾਨ ਵਕਰ (indifference curve) ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦੀ ਸੰਖੇਪ ਵਿਚ ਚਰਚਾ ਕਰੋ : *3, 3*

(a) ਮੂਲ ਬਿੰਦੂ ਦੇ ਵਲ ਉੱਤਲ ਵਕਰ

(b) ਖਬਿਓ ਤੋਂ ਸਜੇ ਹੇਠ ਦੀ ਵਲ ਢਾਲੂ ਵਕਰ

**ਨੋਟ:** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 11 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

ਅਨਧਿਮਾਨ ਵਕਰ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦੀ ਸੰਖੇਪ ਵਿਚ ਚਰਚਾ ਕਰੋ : *3, 3*

(a) ਮੂਲ ਬਿੰਦੂ ਦੇ ਵਲ ਉੱਤਲ ਵਕਰ

(b) ਖਬਿਓ ਤੋਂ ਸੱਜੇ ਹੇਠ ਦੀ ਵਲ ਢਾਲੂ ਵਕਰ

**12.** (a) ‘‘ਮੰਗ ਵਕਰ ਹੀ ਫਰਮ ਦਾ ਔਸਤ ਆਗਮ (AR) ਵਕਰ ਹੁੰਦਾ ਹੈ ।’’ ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? ਅਪਣੇ ਉੱਤਰ ਦੇ ਪਖ ਵਿਚ ਕਾਰਨ ਦੇ ਕੇ ਸੰਖੇਪ ਵਿਚ ਚਰਚਾ ਕਰੋ ।

(b) ਕਿਸੇ ਵਸਤੂ ਦਾ ਬਜ਼ਾਰ ਸੰਤੁਲਨ ਦੀ ਸਥਿਤੀ ਵਿਚ ਹੈ । ਵਸਤੂ ਦੀ ਆਪੂਰਤੀ (ਸਪਲਾਈ) ਵਿਚ ਵਾਧਾ ਹੋ ਜਾਂਦਾ ਹੈ ਜਦਕਿ ਵਸਤੂ ਦੀ ਮੰਗ ਵਿਚ ਕੋਈ ਬਦਲਾਵ ਨਹੀਂ ਹੁੰਦਾ ਹੈ । ਸੰਤੁਲਨ ਕੀਮਤ ਅਤੇ ਸੰਤੁਲਨ ਮਾਤਰਾ ਤੇ ਬਦਲਾਵ ਤੋਂ ਪੈਣ ਵਾਲੇ ਪ੍ਰਭਾਵ ਦੀ ਚਰਚਾ ਕਰੋ । *3, 3*

**ਜਾਂ**

ਏਕਾਧਿਕਾਰਾਤਮਕ ਪ੍ਰਤਿਯੋਗੀ ਬਜ਼ਾਰ ਬਣਤਰ ਦੀਆਂ ਤਿੰਨ ਪ੍ਰਮੁਖ ਵਿਸ਼ੇਸ਼ਤਾਵਾਂ ਦਾ ਬਿਓਰਾ ਦਿਓ । *6*

## ਖੰਡ ਬ

## (ਸਮਸ਼ਟਿ ਅਰਥਸ਼ਾਸਤ੍ਰ)

**13.** ਭਾਰਤੀ ਰਿਜ਼ਰਵ ਬੈਂਕ ਰਾਹੀਂ ਪੇਸ਼ ਕੀਤੀ ਗਈ ਰਿਪੋਰਟ ਦੇ ਮੁਤਾਬਿਕ, ਉਪਭੋਗਤਾ ਕੀਮਤ ਸੂਚਕ-ਅੰਕ (CPI) ਦੇ ਆਧਾਰ ਤੇ ਇਸ ਸਾਲ ਕੀਮਤ ਵਾਧੇ ਦੀ ਦਰ ਪਿਛਲੇ ਸਾਲ ਦੀ 8% ਦੇ ਮੁਕਾਬਲੇ 5% ਰਹਿ ਜਾਏਗੀ । ਹੇਠ ਲਿਖਿਆਂ ਵਿਚੋ ਕਿਹੜਾ ਕਥਨ ਇਸ ਹਾਲਤ ਨੂੰ ਸਹੀ ਪੇਸ਼ ਕਰਦਾ ਹੈ ? *1*

(a) CPI ਵਿਚ ਕਮੀ

(b) ਪਿਛਲੇ ਸਾਲ ਦੇ ਮੁਕਾਬਲੇ ਵਿਚ ਇਸ ਸਾਲ CPI ਦੀ ਵਾਧਾ ਦਰ ਘਟ ਰਹੀ ਹੈ

(c) CPI ਦਾ ਸਥਿਰ ਰਹਿਣਾ

(d) ਉਪਰਲਿਆਂ ਵਿਚੋਂ ਕੋਈ ਵੀ ਨਹੀਂ

**14.** ਅਰਥਵਿਵਸਥਾ ਵਿਚ ਗ੍ਰਹਿਸਤਾਂ (ਪਰਿਵਾਰਾਂ) ਰਾਹੀਂ ਵਿਦੇਸ਼ੀ ਵਿਨਿਮੇ ਦੀ ਮੰਗ ਦੇ ਕੋਈ ਦੋ ਸ੍ਰੋਤ ਦਸੋ । *1*

**15.** ਕਿਸੇ ਅਰਥਵਿਵਸਥਾ ਦੇ ਭੁਗਤਾਨ ਸੰਤੁਲਨ ਵਿਚ ਖੁਦਮੁਖਤਾਰ (ਸਵਾਇਤ) ਲੈਣ ਦੇਣ ਦੀ ਪਰਿਭਾਸ਼ਾ ਕਰੋ । *1*

**ਜਾਂ**

ਕਿਸੇ ਅਰਥਵਿਵਸਥਾ ਦੇ ਭੁਗਤਾਨ ਸੰਤੁਲਨ ਵਿਚ ਲਚਕੀਲੀ (ਸਮੰਜਨ) ਲੈਣ ਦੇਣ ਦੀ ਪਰਿਭਾਸ਼ਾ ਕਰੋ । *1*

**16.** 'ਅਣਇੱਛਤ ਬੇਰੋਜਗਾਰੀ' ਦੀ ਧਾਰਨਾ ਦੀ ਪਰਿਭਾਸ਼ਾ ਦਿਓ । *1*

**17.** ਜੇਕਰ ਸੀਮਾਂਤ ਬਚਤ ਪ੍ਰਵਿਰਤੀ 20% ਹੈ ਅਤੇ ਆਮਦਨ ਦੇ ਸਾਰੇ ਸਤਰਾਂ ਤੇ ਇਕੋ ਜਹੀ ਰਹਿੰਦੀ ਹੈ ਅਤੇ ਖੁਦਮੁਖਤਾਰ (ਸਵਾਇਤ) ਉਪਭੋਗ ₹ 100 ਕਰੋੜ ਹੈ, ਤਾਂ ਦਿੱਤੀ ਹੋਈ ਕਾਲਪਨਿਕ ਅਰਥਵਿਵਸਥਾ ਦੇ ਉਪਭੋਗ ਫਲਨ ਦੀ ਰਚਨਾ ਕਰੋ । *3*

**18.** ਅੰਤਿਮ ਵਸਤੂਆਂ ਅਤੇ ਮੱਧਵਰਤੀ ਵਸਤੂਆਂ ਦੇ ਦਰਮਿਆਨ ਅੰਤਰ ਸਪਸ਼ਟ ਕਰੋ । ਢੁਕਵਾ ਉਦਾਹਰਣ ਦਿਓ । *3*

**ਜਾਂ**

ਜੇਕਰ ਕਿਸੇ ਇਲਾਕੇ ਵਿਚ, ਨਗਰ ਨਿਗਮ ਰਾਹੀਂ ਇਕ ਪਾਰਕ ਦਾ ਵਿਕਾਸ ਕੀਤਾ ਗਿਆ ਹੈ, ਇਸ ਪਾਰਕ ਦੇ ਦੋਨੋ, ਸਕਾਰਾਤਮਕ ਅਤੇ ਨਕਾਰਾਤਮਕ ਬਾਹਰੀਪਣ ਹੋਣਗੇ । ਇਨ੍ਹਾਂ ਦੋਹਾਂ ਬਾਹਰੀਪਣਾਂ ਦੇ ਕਾਰਨ ਦੇ ਕੇ ਇਕ-ਇਕ ਉਦਾਹਰਣ ਦਿਓ । *3*

**19.** ਅਜੋਕੇ ਸਮੇਂ ਵਿਚ ਭਾਰਤੀ ਰੁਪਇਆ (₹) ਅਮਰੀਕੀ ਡਾਲਰ ($) ਦੇ ਮੁਕਾਬਲੇ ਅਪਣੇ ਸਭ ਤੋਂ ਹੇਠਲੇ ਸਤਰ ਤੇ ਪਹੁੰਚ ਗਿਆ ਹੈ । ਭਾਰਤੀ ਆਯਾਤ ਤੇ ਇਸਦੇ ਪੈਣ ਵਾਲੇ ਪ੍ਰਭਾਵ ਦੀ ਚਰਚਾ ਕਰੋ । *4*

**ਜਾਂ**

"ਵਪਾਰ ਘਾਟੇ ਦੀ ਸਥਿਤੀ ਵਿਚ ਇਕ ਦੇਸ਼ ਦਾ ਭੁਗਤਾਨ ਸੰਤੁਲਨ ਚਾਲੂ ਖਾਤੇ ਵਿਚ ਵਾਧੂ ਦੀ ਸਥਿਤੀ ਵਿਚ ਨਹੀਂ ਹੋ ਸਕਦਾ ।" ਕੀ ਤੁਸੀਂ ਇਸ ਦਿਤੇ ਗਏ ਕਥਨ ਨਾਲ ਸਹਿਮਤ ਹੋ ? ਕਾਰਨ ਸਹਿਤ ਚਰਚਾ ਕਰੋ । *4*

**20.** ਉਪਯੁਕਤ ਰੇਖਾ ਚਿੱਤਰ ਦੀ ਵਰਤੋਂ ਕਰਦੇ ਹੋਏ ਸਫੀਤੀਕਾਰੀ ਅੰਤਰਾਲ ਦੀ ਸਥਿਤੀ ਸਪਸ਼ਟ ਕਰੋ । ਸਫੀਤੀਕਾਰੀ ਅੰਤਰਾਲ ਨੂੰ ਸੁਧਾਰਨ ਦੇ ਲਈ ਕਿਸੇ ਦੋ ਰਾਜਕੋਸ਼ੀ ਉਪਾਯ ਸੁਝਾਓ । *2, 2*

**ਨੋਟ:** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 20 ਦੇ ਥਾਂ ਬਦਲਵਾਂ ਪ੍ਰਸ਼ਨ ਹੈ :*

ਸਫੀਤੀਕਾਰੀ ਅੰਤਰਾਲ ਦਾ ਕੀ ਅਰਥ ਹੈ ? ਸਫੀਤੀਕਾਰੀ ਅੰਤਰਾਲ ਦੇ ਸੁਧਾਰ ਦੇ ਲਈ ਕਿਸੇ ਦੋ ਰਾਜਕੋਸ਼ੀ ਉਪਾਯ ਸੁਝਾਓ । *2, 2*

**21.** ਦਸੋ ਕਿ ਹੇਠ ਲਿਖਿਆਂ ਵਿਚੋਂ ਕਿਹੜਾ ਕਥਨ *ਸਹੀ* ਜਾਂ *ਗਲਤ* ਹੈ ? ਢੁਕਵੇਂ ਕਾਰਨ ਦਿਓ । *2, 2*

(a) ਕੀਨਸ ਦੇ ਰੁਜ਼ਗਾਰ ਸਿਧਾਂਤ ਦੇ ਅਨੁਸਾਰ, ਸਿਰਫ ਸੰਤੁਲਨ ਅਵਸਥਾ ਵਿਚ ਇਕ ਅਰਥਵਿਵਸਥਾ ਪੂਰਨ ਰੁਜ਼ਗਾਰ ਦੀ ਸਥਿਤੀ ਪ੍ਰਾਪਤ ਕਰਦੀ ਹੈ ।

(b) ਦੋ ਖੇਤਰਕ ਅਰਥਵਿਵਸਥਾ ਵਿਚ, ਜੇਕਰ ਉਪਭੋਗ ਅਤੇ ਆਮਦਨ ਬਰਾਬਰ ਹਨ, ਤਾਂ ਔਸਤ ਬਚਤ ਪ੍ਰਵਿਰਤੀ ਸਿਰਫ ਦੇ ਬਰਾਬਰ ਹੋਵੇਗੀ ।

**22.** (a) ਸਰਕਾਰ ਦੀਆਂ ਰਾਜਸਵ (ਲਗਾਨ) ਪ੍ਰਾਪਤੀਆਂ ਅਤੇ ਪੂੰਜੀਗਤ ਪ੍ਰਾਪਤੀਆਂ ਵਿਚ ਅੰਤਰ ਸਪਸ਼ਟ ਕਰੋ ।

(b) 'ਵਿਨਿਵੇਸ' ਅਤੇ 'ਵਿਦੇਸ਼ਾਂ ਤੋਂ ਪ੍ਰਾਪਤ ਉਧਾਰ' ਨੂੰ ਕਿਵੇ ਸਰਕਾਰ ਦੀਆਂ ਰਾਜਸਵ (ਲਗਾਨ) ਪ੍ਰਾਪਤੀਆਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ ? ਕਾਰਣ ਦਸੋ । *4, 2*

**ਜਾਂ**

ਦਿੱਤੇ ਹੋਏ ਹੇਠ ਅੰਕੜਿਆਂ ਤੋਂ (i) ਰਾਜਸਵ (ਲਗਾਨ) ਘਾਟਾ, ਅਤੇ (ii) ਰਾਜਕੋਸ਼ੀ ਘਾਟੇ ਦੇ ਮਾਨ ਦੀ ਗਣਨਾ ਕਰੋ :

| ਕ੍ਰ. ਸੰ. | ਵਿਵਰਣ | ਰਾਸ਼ੀ (ਕਰੋੜ ₹ ਵਿਚ) |
|---|---|---|
| 1 | ਕਰ ਆਗਮ | 1,000 |
| 2 | ਗੈਰ ਕਰ ਆਗਮ | 150 |
| 3 | ਸਰਕਾਰ ਰਾਹੀਂ ਨਿਵਲ ਉਧਾਰ | 780 |
| 4 | ਵਿਨਿਵੇਸ਼ ਪ੍ਰਾਪਤੀਆਂ | 50 |
| 5 | ਰਾਜਸਵ (ਲਗਾਨ) ਖਰਚ | 1,500 |
| 6 | ਪੂੰਜੀਗਤ ਖਰਚ | 480 |

**23.** ਇਕ ਕਾਲਪਨਿਕ ਸੰਖਿਆਤਮਕ ਉਦਾਹਰਣ ਰਾਹੀਂ ਵਪਾਰਕ ਬੈਂਕ ਰਾਹੀਂ ਮੁਦਰਾ ਸਿਰਜਨ ਦੀ ਪ੍ਰਕਿਰਿਆ ਦੀ ਵਿਆਖਿਆ ਕਰੋ । *6*

**24.** ਦਿੱਤੇ ਹੋਏ ਹੇਠ ਅੰਕੜਿਆਂ ਦੇ ਅਧਾਰ ਤੇ, 'ਸਰਕਾਰੀ ਅੰਤਿਮ ਉਪਭੋਗ ਖਰਚ' ਅਤੇ ਸਵੈਰੁਜਗਾਰਾਂ ਦੀ ਮਿਸ਼ਰਤ ਆਮਦਨ ਦਾ ਮੁੱਲ ਪਤਾ ਕਰੋ : *6*

| ਕ੍ਰ. ਸੰ. | ਵਿਵਰਣ | ਰਾਸ਼ੀ (ਕਰੋੜ ₹ ਵਿਚ) |
|---|---|---|
| i | ਰਾਸ਼ਟਰੀ ਆਮਦਨ | 7,100 |
| ii | ਸਰਕਾਰੀ ਅੰਤਿਮ ਉਪਭੋਗ ਖਰਚ | ? |
| iii | ਸਕਲ ਘਰੇਲੂ ਪੂੰਜੀ ਨਿਰਮਾਣ | 1,000 |
| iv | ਸਵੈਰੁਜ਼ਗਾਰਾਂ ਦੀ ਮਿਸ਼ਰਤ ਆਮਦਨ | ? |
| v | ਨਿਵਲ ਅਪ੍ਰਤੱਖ ਕਰ | 200 |
| vi | ਵਿਦੇਸ਼ ਤੋਂ ਪ੍ਰਾਪਤ ਨਿਵਲ ਸਾਧਨ ਆਮਦਨ | 100 |
| vii | ਨਿਜੀ ਅੰਤਿਮ ਉਪਭੋਗ ਖਰਚ | 4,000 |
| viii | ਸਥਿਰ ਪੂੰਜੀ ਦਾ ਉਪਭੋਗ | 300 |
| ix | ਲਾਭ | 120 |
| x | ਮਜਦੂਰੀ ਅਤੇ ਮਿਹਨਤਾਨਾ | 1,500 |
| xi | ਨਿਵਲ ਨਿਰਯਾਤ | 500 |
| xii | ਕਾਰਜਸ਼ੀਲ ਅਧਿਸ਼ੇਸ਼ (ਓਪਰੇਟਿੰਗ ਵਾਧੂ) | 3,000 |